Letter&Complete Aug month ... sat e vidya chann   Open with Google Docs

2025114963

ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ-ਕਮ-ਮੈਂਬਰ ਸਕੱਤਰ ਪਿਕਟਸ

ਪੀ.ਐਸ.ਈ.ਬੀ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਫੋਨ ਨੰ. 0172-5212319, ਈ-ਮੇਲ: edusat.punjab@punjabeducation.gov.in

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ.: E-139452/ਪਿਕਟਸ/ਟਾਈਮ-ਸ਼ਡਿਊਲ/223194
ਮਿਤੀ: ..5.. ਅਗਸਤ, 2025

**ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ (e-Vidya Channel) ਦਾ ਸ਼ਡਿਊਲ ਮਹੀਨਾ ਅਗਸਤ-2025.**

**ਹਵਾਲਾ:** ਇਸ ਦਫਤਰ ਦੇ ਪੱਤਰ ਨੰ. E-139452/ਪਿਕਟਸ/ਟਾਈਮ-ਸ਼ਡਿਊਲ/122376, ਮਿਤੀ 07.05.2025 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਦੇ ਅਨੁਸਾਰ ਆਪਜੀ ਨੂੰ ਲਿਖਿਆ ਗਿਆ ਸੀ ਕਿ ਪਿਛਲੇ ਸਾਲ ਤੋਂ ਐਜੂਸੈਟ ਪ੍ਰੋਗਰਾਮ ROT (Received Only Terminals-Satellite Communication Based) ਦੀ ਬਜਾਏ e-Vidya Channel ਤੇ YouTube Link ਰਾਹੀਂ ਪ੍ਰਸਾਰਿਤ ਕੀਤੇ ਜਾ ਰਹੇ ਹਨ, ਜਿਸਦਾ YouTube Link ਹੇਠ ਲਿਖੇ ਅਨੁਸਾਰ ਹੈ: -

https://www.youtube.com/@Smrath5/streams

2.0 ਇਸ ਸਬੰਧੀ ਇਹਨਾਂ ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਸਰਕਲ/ਜਿਲਾ ਕੋਆਰਡੀਨੇਟਰ (ਆਈ.ਸੀ.ਟੀ./ਐਜੂਸੈਟ) ਰਾਹੀਂ ਰੋਜਾਨਾ ਸਬੰਧਤ ਜਿਲ੍ਹਿਆਂ ਦੇ ਸਕੂਲਾਂ ਨੂੰ WhatsApp groups ਵਿੱਚ ਭੇਜਿਆ ਜਾ ਰਿਹਾ ਹੈ। ਇਸੇ ਦੀ ਲਗਾਤਾਰਤਾ ਵਿੱਚ ਅਗਸਤ ਮਹੀਨੇ ਦਾ ਪੂਰਾ ਸ਼ਡਿਊਲ ਵੀ ਇਸ ਪੱਤਰ ਦੇ ਨਾਲ ਨੱਥੀ ਕਰਕੇ ਆਪ ਨੂੰ ਭੇਜਿਆ ਜਾਂਦਾ ਹੈ।

3.0 ਉਕਤ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੇ ਰੋਜਾਨਾ ਫੀਡਬੈਕ ਲਈ Google form link https://goo.gl/forms/xVw2bdM4effysZhB3 ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹਨਾਂ ਪ੍ਰੋਗਰਾਮਾਂ ਦੇ ਫੀਡਬੈਕ ਲਈ ਹਵਾਲਾ ਅਧੀਨ ਪੱਤਰ ਵਿੱਚ ਵੀ ਆਪ ਨੂੰ ਲਿਖਿਆ ਗਿਆ ਸੀ, ਪ੍ਰੰਤੂ ਇਹ ਧਿਆਨ ਵਿੱਚ ਆਇਆ ਹੈ ਕਿ ਹਾਲੇ ਵੀ ਬਹੁਤ ਹੀ ਘੱਟ ਜਿਲ੍ਹਿਆਂ ਵੱਲੋਂ ਫੀਡਬੈਕ ਭੇਜਿਆ ਜਾ ਰਿਹਾ ਹੈ।

ਇਸ ਲਈ ਆਪਜੀ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਜਿਲ੍ਹਾ ਪੱਧਰ ਤੇ ਮੋਨੀਟਰਿੰਗ ਕਰਨਾ ਯਕੀਨੀ ਬਣਾਈ ਜਾਵੇ ਅਤੇ ਇਸ ਦਾ ਨਿਰੰਤਰ ਫੀਡਬੈਕ ਦਰਸਾਏ ਗਏ Google form link ਤੇ ਭੇਜਿਆ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ

ਪਿੱਠਅੰਕਣ ਨੰ.: E-139452/ਪਿਕਟਸ/ਟਾਈਮ-ਸ਼ਡਿਊਲ/ਉਕਤ    ਮਿਤੀ: 05/08/2025

ਉਪਰੋਕਤ ਦਾ ਉਤਾਰਾ ਐਮ.ਆਈ.ਐਸ ਸ਼ਾਖਾ ਨੂੰ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲਬਧ ਕਰਾਉਣ ਹਿੱਤ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 1641 ਮਿਤੀ 14/08/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ
14/08/25